# ਸਕੱਤਰ -ਕਮ- ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ


**ਕੰਪਲੈਕਸ: ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ**

**(Block-E,5th Floor ,Sec. 62) E.mail.ddssaestb@gmail.com**


---

ਹੁਕਮ ਨੰ: 17/2-2012 ਇੰਨਫੋਰਸਮੈਂਟ ਸੈਲ(2)/ 48-52

ਮਿਤੀ ਚੰਡੀਗੜ੍ਹ :06/05/2013

ਇਸ ਦਫਤਰ ਦੇ ਮੀਮੋ ਨੰ:-17/2-2012ਇੰਨ(2)/ ਮਿਤੀ 04-04-2013 ਰਾਹੀਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚੋਂ ਲੰਬੇ ਸਮੇਂ ਤੇ ਗੈਰ-ਹਾਜ਼ਰ ਸਨ। ਜੋ ਵਿਭਾਗ ਨੂੰ **Abandon** ਕਰ ਗਏ ਸਨ, ਦੀਆਂ ਸੇਵਾਵਾਂ ਸਮਾਪਤ ਕਰਨ ਲਈ **'Hindustan Times"** ਅਖਬਾਰ ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਸੀ। ਇਸ ਨੋਟਿਸ ਰਾਹੀਂ ਸ੍ਰੀ/ਸ੍ਰੀਮਤੀ ਸੁਮਿੰਦਰ ਕੋਰ,ਸਾਇੰਸ ਮਿਸਟ੍ਰੈਸ ( ਸਰਵ ਸਿੱਖਿਆ ਅਭਿਆਨ), ਗਹਸ ਬੰਗੀ ਰਘੂ ਜਿਲ੍ਹਾ **ਬਠਿੰਡਾ** ਮਿਤੀ :04-07-2011 ਤੋਂ **ਲਗਾਤਾਰ** ਗੈਰਹਾਜਰ ਚਲ ਰਹੇ ਹਨ, ਨੂੰ ਆਪਣਾ ਪੱਖ ਪੇਸ਼ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਕਰਮਚਾਰਨ ਵੱਲੋ ਗੈਰਹਾਜਰ ਸਬੰਧੀ ਜੋ ਕਾਰਨ ਦੱਸੋ ਨੋਟਿਸ ਦਾ ਉੱਤਰ ਦਿੱਤਾ ਗਿਆ ਹੈ, ਉਸ ਨੂੰ ਗਹੁ ਪੂਰਵਕ ਵਾਚਣ ਉਪਰੰਤ ਤਸੱਲੀਬਖਸ਼ ਨਹੀ ਪਾਇਆ ਗਿਆ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ ਸੁਮਿੰਦਰ ਕੋਰ,ਸਾਇੰਸ ਮਿਸਟ੍ਰੈਸ (ਸਰਵ ਸਿੱਖਿਆ ਅਭਿਆਨ), ਗਹਸ ਬੰਗੀ ਰਘੂ, ਜਿਲਾ ਬਠਿੰਡਾ ਸਰਕਾਰੀ ਨੌਕਰੀ ਕਰਨ ਦੀ ਚਾਹਵਾਨ ਨਹੀਂ ਹੈ। ਉਸ ਦੀ ਅਣ-ਅਧਿਕਾਰਤ ਗੈਰ-ਹਾਜ਼ਰੀ ਨਾਲ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਅਤੇ ਸਕੂਲ ਵਿੱਚ ਟੀਚਿੰਗ-ਲਰਨਿੰਗ ਮਾਹੌਲ ਤੇ ਮਾੜਾ ਅਸਰ ਪਿਆ ਹੈ ।

ਮਾਨਯੋਗ ਸੁਪਰੀਮ ਕੋਰਟ ਵੱਲੋਂ ਵੱਖ ਵੱਖ ਕੇਸਾਂ ਵਿੱਚ ਫੈਸਲਾ ਕਰਦੇ ਸਮੇਂ ਲਿਖਿਆ ਗਿਆ ਹੈ ਕਿ ਲੰਬੇ ਸਮੇਂ ਤੋਂ ਗੈਰਹਾਜਰ ਮੁਲਾਜ਼ਮ ਦੀ ਗੈਰ-ਹਾਜਰੀ ਨੂੰ ਨੌਕਰੀ ਤੋਂ **Abandonment** ਸਮਝ ਕੇ ਕਾਰਵਾਈ ਕਰਨੀ ਜਾਇਜ਼ ਹੈ। ਮਾਨਯੋਗ ਸੁਪਰੀਮ ਕੋਰਟ ਵੱਲੋਂ ਖਾਸ ਤੌਰ ਤੇ **AIR 1974 SC 1890** ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਹੈ:-

**"That in such a case, long unathorized absence may reasonably give rise to an inference that such service is intended to be abandoned by the employee, being a case of abandonment of servcice,no notice/Inquiry is required".**

ਮਾਨਯੋਗ ਸੁਪਰੀਮ ਕੋਰਟ ਦੇ ਉਕਤ ਫੈਸਲੇ ਦੇ ਮੱਦੇਨਜ਼ਰ ਇਹ ਸਪੱਸ਼ਟ ਹੈ ਕਿ ਜੇਕਰ ਕੋਈ ਕਰਮਚਾਰੀ ਵਿਭਾਗ ਨੂੰ ਬਿਨ੍ਹਾਂ ਦੱਸੇ , ਜਾਂ ਪ੍ਰਵਾਨਤ ਛੁੱਟੀ ਦਾ ਸਮਾਂ ਬੀਤਣ ਉਪਰੰਤ ਲੰਬਾ ਸਮਾਂ, ਗੈਰਹਾਜ਼ਰ ਰਹਿੰਦਾ ਹੈ ਤਾਂ ਇਸ ਦਾ ਸਿੱਧਾ ਭਾਵ ਹੈ ਕਿ ਉਹ ਵਿਭਾਗ ਨੂੰ **Abandon** ਕਰ ਗਿਆ

ਹੈ, ਤਾਂ ਸਮਰੱਥ ਅਧਿਕਾਰੀ ਅਜਿਹੇ ਕਰਮਚਾਰੀ ਸਬੰਧੀ ਕਾਰਨ ਰਿਕਾਰਡ ਕਰਨ ਉਪਰੰਤ ਬਿਨ੍ਹਾਂ ਕਿਸੇ ਇਨਕੁਆਰੀ ਕੰਡਕਟ ਕਰਨ ਦੇ ਉਸ ਦੀਆਂ ਸੇਵਾਵਾਂ ਸਮਾਪਤ ਕਰ ਸਕਦਾ ਹੈ।

ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-6-ਸ਼ਾਖਾ) ਦੇ ਹੁਕਮ ਨੰ: 11/08/2011-4ਸਿ6/5094 ਮਿਤੀ 3-10-2012 ਰਾਹੀਂ ਪੰਜਾਬ ਰਾਜ ਸਿੱਖਿਆ ਕਲਾਸ-3 (ਸਕੂਲ ਕਾਡਰ) ਸੇਵਾ ਨਿਯਮ 1978 ਦੇ ਅਪੈਂਡਿਕਸ-ਸੀ ਵਿੱਚ ਦਰਜ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮੈਂ **ਕਾਹਨ ਸਿੰਘ ਪੰਨੂ,ਆਈ.ਏ.ਐਸ. ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ,** ਸ੍ਰੀ/ਸ੍ਰੀਮਤੀ ਸੁਮਿੰਦਰ ਕੋਰ,ਸਾਇੰਸ ਮਿਸਟ੍ਰੈਸ (ਸਰਵ ਸਿੱਖਿਆ ਅਭਿਆਨ), ਗਹਸ ਬੰਗੀ ਰਘੂ ਜਿਲ੍ਹਾ **ਬਠਿੰਡਾ** ਮਿਤੀ:04-07-2011 ਤੋਂ ਵਿਭਾਗ ਨੂੰ **Abandon** ਕਰ ਗਏ ਹਨ, ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਸਮਾਪਤ ਕਰਦਾ ਹਾਂ।

**ਕਾਹਨ ਸਿੰਘ ਪੰਨੂੰ,ਆਈ.ਏ.ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।**

**ਸ੍ਰੀ/ਸ੍ਰੀਮਤੀ ਸੁਮਿੰਦਰ ਕੋਰ,ਸਾਇੰਸ ਮਿਸਟ੍ਰੈਸ (ਸਰਵ ਸਿੱਖਿਆ ਅਭਿਆਨ)**
**ਗਹਸ ਬੰਗੀ ਰਘੂ**
**ਜਿਲ੍ਹਾ ਬਠਿੰਡਾ।**

ਪਿੱਠ ਅੰਕਣ ਨੰ: ਉਕਤ ਮਿਤੀ: 07/05/2013

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਕਰਨ ਲਈ ਭੇਜਿਆ ਜਾਂਦਾ ਹੈ:

1) ਸਕੱਤਰ ਸਕੂਲ ਸਿੱਖਿਆ ਪੰਜਾਬ ਚੰਡੀਗੜ੍ਹ।
2) ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),ਪੰਜਾਬ, ਅਜੀਤਗੜ੍ਹ
3) ਮੰਡਲ ਸਿੱਖਿਆ ਅਫਸਰ,ਫਰੀਦਕੋਟ।
4) ਜਿਲਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ
5) ਐਸ.ਓ ਸਰਵ ਸਿੱਖਿਅ ਅਭਿਆਨ ਅਥਾਰਟੀ ਪੰਜਾਬ ਚੰਡੀਗੜ੍ਹ।

**ਕਾਹਨ ਸਿੰਘ ਪੰਨੂੰ,ਆਈ.ਏ.ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।**